بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 07.08.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮਨੁੱਖ ਦੇ ਸੁਭਾਵ  ਵਿੱਚ ਰੱਬ ਨੇ ਇਹ ਗੁਣ ਰੱਖਿਆ ਹੈ ਕਿ ਉਹ ਕਿਸੇ ਦਾ ਹੋਕੇ ਰਹਿਣਾ ਚਾਹੁੰਦਾ ਹੈ ਇਸ ਤੋਂ ਬਿਨਾਂ ਉਸ ਦੀ ਤਸੱਲੀ ਨਹੀਂ ਹੁੰਦੀ ਅਤੇ ਸਭ ਤੋਂ ਵੱਧੀਆ ਤਰੀਕਾ ਕਿਸੇ ਦਾ ਹੋਣ ਦਾ ਇਹ ਹੈ ਕਿ ਜਿਸ ਤੋਂ ਧਰਮ ਤੇ ਦੁਨੀਆ ਦੋਵੇਂ ਮਿਲਦੇ ਹਨ ਕਿ ਮਨੁੱਖ ਰੱਬ ਦਾ ਹੋ ਜਾਵੇ ਅਤੇ ਉਸ ਲਈ ਜਤਨ ਕਰੇ ।**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 07 ਅਗਸਤ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਜਦੱ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਸਹਾਬਾ ਦੀਆਂ ਘਟਨਾਵਾਂ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਉਹਨਾਂ ਦੇ ਨੇਕ ਸੁਭਾਵ, ਉਹਨਾਂ ਦੀ ਸਚੱਾਈ ਦੀ ਪਛਾਣ ਲਈ ਤੜਪ, ਉਹਨਾਂ ਦੀ ਜਾਨ ਮਾਲ ਕੁਰਬਾਨ ਕਰਨ ਲਈ ਤੜਪ ਅਤੇ ਜਤਨ ਅਤੇ ਉਹਨਾਂ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਲਈ ਪ੍ਰੇਮ ਆਪਣੀ ਆਪਣੀ ਰੁਚੀ ਤੇ ਸਮਝ ਅਨੁਸਾਰ ਮਿਆਰ ਤੇ ਉਸਦਾ ਪ੍ਰਗਟਾਵਾ ਦਿਖਾਈ ਦਿੰਦਾ ਹੈ । ਭਾਵ ਇਹ ਉਹ ਆਖ਼ਰੀਨ ਸਨ ਜੋ ਪਹਿਲਿਆਂ ਨਾਲ ਮਿਲਣ ਲਈ ਆਪਣੇ ਆਪਣੇ ਢੰਗ ਨਾਲ ਹੱਕ ਪੂਰਾ ਕਰਨ ਵਾਲੇ ਬਣਨ ਦਾ ਜਤਨ ਕਰਨ ਵਾਲੇ ਸਨ । ਹਰ ਇਕ ਦਾ ਆਪਣਾ ਇਕ ਰੂਪ ਸੀ ਅਤੇ ਉਹਨਾਂ ਨੂੰ ਦੇਖਣ ਵਾਲਿਆਂ ਅਤੇ ਉਹਨਾਂ ਨਾਲ ਨੇੜਤਾ ਰੱਖਣ ਵਾਲਿਆਂ ਨੇ ਵੀ ਇਹਨਾਂ ਸਹਾਬਾ ਦੇ ਹਰ ਰੂਪ ਅਤੇ ਆਚਰਣ ਤੇ ਕਿਰਦਾਰ ਰਾਹੀਂ ਆਪਣੇ ਆਪਣੇ ਰੰਗ ਵਿੱਚ ਨਸੀਹਤਾਂ ਪ੍ਰਾਪਤ ਕੀਤੀਆਂ ਜਾਂ ਕੁਝ ਗੱਲਾਂ ਤੋਂ ਪਰਿਣਾਮ ਕੱਢੇ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਤਾਂ ਆਪ ਵੀ ਸਹਾਬਾ ਵਿੱਚੋਂ ਸਨ ਅਤੇ ਲਗਭਗ ਸਾਰੇ ਸਹਾਬਾਂ ਵਿੱਚੋਂ ਜਾਂ ਜਿੰਨ੍ਹਾ ਦੀਆਂ ਗਲੱਾਂ ਆਪ ਸੁਣਾਉਂਦੇ ਹਨ ਉਹਨਾਂ ਨਾਲ ਆਪ ਦਾ ਵਿਅਕਤੀਗਤ ਸੰਬੰਧ ਵੀ ਸੀ । ਆਪ ਜੱਦ ਸਹਾਬਾ ਦੇ ਹਵਾਲੇ ਨਾਲ ਗੱਲ ਕਰਕੇ ਨਤੀਜਾ ਕਢੱਕੇ ਨਸੀਹਤ ਕਰਦੇ ਤਾਂ ਉਹਨਾਂ ਨਸੀਹਤਾਂ ਦਾ ਮਨ ਉਪੱਰ ਇਕ ਵਿਸੇਸ਼ ਪ੍ਰਭਾਵ ਵੀ ਹੁੰਦਾ ਹੈ । ਕਈ ਵਾਰ ਕਿਸੇ ਗੱਲ ਤੋਂ ਅਸੀਂ ਇਕ ਪੱਖੀ ਗੱਲ ਕਰਦੇ ਹਾਂ ਪਰ ਜੱਦ ਅਸੀਂ ਗ਼ੌਰ ਕਰਦੇ ਹਾਂ ਤਾਂ ਵੱਖ ਵੱਖ ਪੱਖ ਸਾਹਮਣੇ ਆਉਂਦੇ ਹਨ ਅਤੇ ਇਕ ਹੀ ਘਟਨਾ ਵੱਖ ਵੱਖ ਰੂਪਾਂ ਵਿੱਚ ਉਪਦੇਸ਼ ਬਣ ਜਾਂਦੀ ਹੈ । ਉਧਾਰਣ ਲਈ ਮੌਲਵੀ ਬੁਰਹਾਨੁੱਦੀਨ ਸਾਹਬ ਜਿਹਲਮੀ ਦੀ ਗੱਲ ਹੈ ਉਸ

ਨੂੰ ਹਜ਼ਰਤ ਮੁਸਲਿਹ ਮੌਊਦ ਨੇ ਆਪਣੇ ਢੰਗ ਵਿੱਚ ਵਰਨਣ ਕੀਤਾ ਹੈ । ਮੌਲਵੀ ਬੁਰਹਾਨੁੱਦੀਨ ਸਾਹਬ ਨੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਤੋਂ ਜੋ ਪਹਿਲੀ ਮੁਲਾਕਾਤ ਕੀਤੀ ਹੈ ਉਹ ਵੀ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਕ ਚੁਟਕਲਾ ਹੀ ਹੈ ਕਹਿੰਦੇ ਹਨ ਕਿ ਮੈਂ ਕਾਦੀਆਂ ਆਇਆ ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਗੁਰਦਾਸਪੁਰ ਵਿੱਚ ਸਨ ਇਸ ਲਈ ਉਧਰ ਗਿਆ । ਜਿਸ ਘਰ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਠਹਿਰੇ ਹੋਏ ਸਨ, ਉਸ ਦੇ ਇਕ ਪਾਸੇ ਬਾਗ਼ ਸੀ । ਹਾਮਿਦ ਅਲੀ ਮਰਹੂਮ ਦਰਵਾਜ਼ੇ ਉਪੱਰ ਬੈਠਾ ਸੀ, ਉਸ ਨੇ ਮੈਨੂੰ ਅੰਦਰ ਜਾਣ ਦੀ ਆਗਿਆ ਨ ਦਿੱਤੀ ਪਰ ਮੈਂ ਲੁਕ ਕੇ ਦਰਵਾਜ਼ੇ ਤੱਕ ਪਹੁੰਚ ਗਿਆ । ਹੌਲ਼ੀ ਜਿਹੀ ਬੂਹਾ ਖੋਲ ਕੇ ਜੋ ਦੇਖਿਆ ਤਾਂ ਹਜ਼ਰਤ ਸਾਹਬ ਟਹਿਲ ਰਹੇ ਸਨ ਅਤੇ ਛੇਤੀ ਛੇਤੀ ਲੰਮੇ ਲੰਮੇ ਪਗ ਚੁੱਕ ਰਹੇ ਸਨ । ਹਜ਼ਰਤ ਮੌਲਵੀ ਸਾਹਬ ਕਹਿੰਦੇ ਹਨ ਮਿ ਮੈਂ ਝੱਟ ਪਿੱਛੇ ਮੁੜਿਆ ਅਤੇ ਮੈਂ ਸਮਝ ਲਿਆ ਕਿ ਇਹ ਮਨੁੱਖ ਸਚੱਾ ਹੈ ਜੋ ਛੇਤੀ ਛੇਤੀ ਟਹਿਲ ਰਿਹਾ ਹੈ ਜ਼ਰੂਰ ਇਸ ਨੇ ਕਿਸੇ ਦੂਰ ਦੀ ਮੰਜ਼ਿਲ ਉਪੱਰ ਪਹੁੰਚਣਾ ਹੈ ਤਾਂ ਹੀ ਤਾਂ ਇਹ ਛੇਤੀ ਛੇਤੀ ਚਲ ਰਿਹਾ ਹੈ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਵਹਾਬੀ ਹੋਕੇ ਮੌਲਵੀ ਸਾਹਬ ਦਾ ਇਸ ਪ੍ਰਕਾਰ ਦਾ ਵਿਚਾਰ ਕਰਨਾ ਬਹੁਤ ਅਚੰਭੇ ਵਾਲੀ ਗੱਲ ਹੈ ਨਹੀਂ ਤਾਂ ਆਮ ਕਰਕੇ ਇਹ ਲੋਕ ਖ਼ੁਸ਼ਕ ਹੁੰਦੇ ਹਨ । ਕਟੱਰਵਾਦੀ ਹੁੰਦੇ ਹਨ । ਹੁਣ ਦੇਖੋ ਰੱਬ ਨੇ ਮੌਲਵੀ ਸਾਹਬ ਨੂੰ ਸਚੱਾਈ ਦੀ ਪਛਾਣ ਕਰਵਾਉਂਣੀ ਸੀ, ਨ ਉਹਨਾਂ ਨੂੰ ਕਿਸੇ ਕੁਰਆਨੀ ਦਲੀਲ ਸਮਝਣ ਦਾ ਵਿਚਾਰ ਆਇਆ ਨ ਕਿਸੇ ਹਦੀਸ ਦਾ ਵਿਚਾਰ ਆਇਆ ਨ ਕਿਸੇ ਹੋਰ ਪ੍ਰਕਾਰ ਦੀ ਦਲੀਲ ਦਾ ਵਿਚਾਰ ਆਇਆ ।

ਬਹਿਰਹਾਲ ਹਜ਼ਰਤ ਮੌਲਵੀ ਬੁਰਹਾਨੁੱਦੀਨ ਸਾਹਬ ਨੇਕ ਸੁਭਾਵੀ ਨੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਤੇਜ਼ ਚਲੱਣ ਨੂੰ ਹੀ ਸਚੱਾਈ ਦਾ ਨਿਸ਼ਾਨ ਸਮਝ ਲਿਆ । ਰੱਬ ਦੇ ਵਿਸ਼ੇਸ਼ ਪਿਆਰ ਦੀ ਦ੍ਰਿਸ਼ਟੀ ਸੀ ਜੋ ਹਜ਼ਰਤ ਮੌਲਵੀ ਸਾਹਬ ਉਪੱਰ ਪਈ ਨਹੀਂ ਤਾਂ ਅਜਿਹੇ ਲੋਕ ਵੀ ਹੁੰਦੇ ਹਨ ਜੋ ਦਲੀਲਾਂ ਸੁਣ ਕੇ ਨਿਸ਼ਾਨ ਦੇਖ ਕੇ ਫਿਰ ਵੀ ਨਹੀਂ ਮਨ੍ਹਦੇ । ਇਹ ਵੀ ਠੀਕ ਨਹੀਂ ਕਿ ਅਸੀਂ ਕਹਿ ਦੇਈਏ ਕਿ ਸਾਰੇ ਵਹਾਬੀ ਸਖ਼ਤ ਦਿਲ ਹੁੰਦੇ ਹਨ । ਹਜ਼ਾਰਾਂ ਹੀ ਅਫ਼ਰੀਕਾ ਵਿੱਚ ਅਜਿਹੇ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚਾਈ ਦੇ ਕਾਇਲ ਹੋਏ ਅਤੇ ਆਪ ਦੀ ਬੈਅਤ ਕੀਤੀ ਵਹੀ ਅਤੇ ਇਲਹਾਮ ਦੀ ਹਰ ਸਮੇਂ ਲੋੜ ਦਾ ਉਹਨਾਂ ਨੂੰ ਅਹਿਸਾਸ ਹੋਇਆ ਅਤੇ ਇਹ ਵੀ ਪਤਾ ਲੱਗਾ ਕਿ ਔਲੀਆ ਤੇ ਅੰਬਿਆ (ਨਬੀ) ਵਰਖਾ ਵਾਂਗ ਹਨ ਜਿੰਨ੍ਹਾ ਦੇ ਆਉਣ ਨਾਲ ਧਰਤੀ ਹਰੀ ਭਰੀ ਹੋ ਜਾਂਦੀ ਹੈ । ਸੋ, ਰੂਹਾਨੀ ਹਰਿਆਵਲ ਲਈ ਇਲਹਾਮਾ ਦਾ ਅਰੰਭ ਰਹਿਣਾ ਵੀ ਜ਼ਰੂਰੀ ਹੈ ।

ਇਕ ਘਟਨਾ ਹਜ਼ਰਤ ਸੇਠ ਅਬਦੁਰ ਰਹਮਾਨ ਮਦਰਾਸੀ ਦੀ ਹੈ । ਉਹ ਬਹੁਤ ਨਿਹਸਵਾਰਥ ਸਨ ਅਤੇ ਬਹੁਤ ਪ੍ਰਚਾਰ ਕਰਨ ਵਾਲੇ ਸਨ । ਅਰੰਭ ਵਿੱਚ ਉਹਨਾਂ ਦੀ ਆਰਥਕ ਅਵਸਥਾ ਬਹੁਤ ਚੰਗੀ ਸੀ ਅਤੇ ਉਸ ਸਮੇਂ ਧਰਮ ਲਈ ਬਹੁਤ ਕੁਰਬਾਨੀ ਵੀ ਕਰਦੇ ਸਨ । ਤਿੰਨ ਸੌ, ਚਾਰ ਸੌ, ਪੰਜ ਸੌ ਤੱਕ ਮਾਸਕ ਚੰਦਾ ਭੇਜਦੇ ਸਨ । ਰੱਬੀ ਕੁਦਰਤ ਕੁਝ ਗ਼ਲਤ ਨਿਰਣਿਆਂ ਕਰਕੇ ਉਹਨਾ ਦਾ ਵਪਾਰ ਬਿਲਕੁਲ ਨਸ਼ਟ ਹੋ ਗਿਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਹ ਇਲਹਾਮ ਉਹਨਾ ਬਾਰੇ ਹੀ ਹੋਇਆ ਸੀ ਕਿ :

ਕਾਦਰ ਹੈ ਵੋਹ ਬਾਰਗਾਹ ਜੋ ਟੂਟਾ ਕਾਮ ਬਨਾ ਦੇ
ਬਨਾ ਬਨਾਇਆ ਤੋੜ ਦੇ ਕੋਈ ਉਸ ਕਾ ਭੇਦ ਨ ਪਾਵੇ

ਜੱਦ ਇਹ ਇਲਹਾਮ ਹੋਇਆ ਤਾਂ ਪਹਿਲੇ ਪਦ ਵੱਲ ਹੀ ਧਿਆਨ ਗਿਆ ਅਤੇ ਇਹ ਸਮਝਿਆ ਗਿਆ ਕਿ ਸੇਠ ਸਾਹਬ ਦਾ ਕਾਰੋਬਾਰ ਠੀਕ ਹੋ ਜਾਵੇਗਾ ਅਤੇ ਦੂਜੇ ਪਦ ਵੱਲ ਧਿਆਨ ਨ ਗਿਆ । ਕਿਸੇ ਦਾ ਪਹਿਲਾਂ ਕੰਮ ਬਣੇਗਾ ਅਤੇ ਫਿਰ ਵਿਗੜ ਜਾਵੇਗਾ । ਜੱਦ ਇਹ ਇਲਹਾਮ ਹੋਇਆ ਇਸ ਦੇ ਬਾਦ ਫਿਰ ਕਾਰੋਬਾਰ ਚਮਕ ਉਠਿਆ ।

ਆਰਥਕ ਅਵਸਥਾ ਚੰਗੀ ਹੋ ਗਈ ਪਰ ਫਿਰ ਮੁੜ੍ਹ ਖ਼ਰਾਬ ਹੋ ਗਈ ਅਤੇ ਏਥੋਂ ਤੱਕ ਪਹੁੰਚ ਗਈ ਕਿ ਕਈ ਵਾਰ ਖਾਣ ਪੀਣ ਲਈ ਵੀ ਉਹਨਾਂ ਕੋਲ ਕੁਝ ਨਹੀਂ ਸੀ ਹੁੰਦਾ ਸੀ । ਇਕ ਦਿਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਅਜੀਬ ਮੁਹਬੱਤ ਦੇ ਰੂਪ ਵਿੱਚ ਉਹਨਾਂ ਦਾ ਵਰਨਣ ਕੀਤਾ । ਫ਼ਰਮਾਇਆ ਕਿ ਸੇਠ ਅਬਦੁਰ ਰਹਮਾਨ ਹਾਜੀ ਅਲੱਾਹ ਰਖੱਾ ਸਾਹਬ ਦਾ ਅਖ਼ਲਾਸ ਕਿੰਨ੍ਹਾ ਵੱਧਿਆ ਹੋਇਆ ਸੀ । ਪੰਜ ਸੌ ਰੁਪਏ ਦੀ ਰਕਮ ਸੀ ਜੋ ਉਹਨਾਂ ਨੇ ਉਸ ਮੌਕੇ ਭੇਜੀ ਸੀ । ਕਿਸੇ ਮਿਤੱਰ ਨੇ ਉਹਨਾਂ ਦੀਆਂ ਔਕੁੜਾਂ ਦੇਖ ਦੇ ਦੋ ਤਿੰਨ ਹਜ਼ਾਰ ਰੁਪਏ ਉਹਨਾਂ ਨੂੰ ਦਿੱਤੇ ਕਿ ਵਪਾਰ ਦਾ ਕੰਮ ਅਰੰਭ ਕਰ ਲੈਣ ਜਾਂ ਭਾਂਡਿਆਂ ਦੀ ਦੁਕਾਨ ਖੋਲ ਲੈਣ । ਇਸ ਵਿੱਚੋਂ ਪੰਜ ਸੌ ਰੁਪਏ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜ ਦਿੱਤੇ ਅਤੇ ਲਿੱਖਿਆ ਕਿ ਮੁਦੱਤ ਹੋਈ ਮੈਂ ਚੰਦਾ ਨਹੀਂ ਭੇਜ ਸਕਿਆ । ਹੁਣ ਮੇਰੀ ਗ਼ੈਰਤ ਨੇ ਸਹਿਨ ਨਹੀਂ ਕੀਤਾ ਕਿ ਜੱਦ ਰੱਬ ਨੇ ਮੈਨੂੰ ਇਕ ਰਕਮ ਭਿਜਵਾਈ ਹੈ ਤਾਂ ਮੈਂ ਉਸ ਵਿੱਚੋਂ ਧਰਮ ਲਈ ਕੁਝ ਨ ਦਿਆਂ । ਭਾਵ ਧਰਮ ਦੀ ਸੇਵਾ ਲਈ ਉਹਨਾਂ ਦਾ ਸਵਾਭਿਮਾਨ ਬਹੁਤ ਵਧਿਆ ਹੋਇਆ ਸੀ ।

ਇਕ ਥਾਂ ਹਜ਼ਰਤ ਮੁਸਲਿਹ ਮੌਊਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਦਾ ਚਿੱਤਰ ਖਿਚਦੇ ਹੋਏ ਕਿ ਕਿਵੇਂ ਆਪ ਦੇ ਦਾਵੇ ਦੇ ਬਾਦ ਕਿ ਆਪ ਮਸੀਹ ਮੌਊਦ ਹਨ ਅਤੇ ਇਸ ਪੱਖੋਂ ਆਪ ਨਬੀ ਅਤੇ ਰਸੂਲ ਵੀ ਹਨ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਗ਼ੁਲਾਮੀ ਵਿੱਚ ਆਪ ਨੂੰ ਇਹ ਮੁਕਾਮ ਮਿਲਿਆ ਹੈ ਨ ਕਿ ਕਿਸੇ ਆਪਣੀ ਯੋਗਤਾ ਕਰਕੇ ਫਿਰ ਵੀ ਮੁਸਲਮਾਨਾਂ ਦੀ ਬਹੁਗਿਣਤੀ ਆਪ ਦੇ ਵਿਰੁਧ ਹੋ ਗਈ । ਫਿਰ ਸਾਰਿਆਂ ਧਰਮਾਂ ਨੂੰ ਜੋ ਚੈਲੰਜ ਕੀਤਾ, ਉਸ ਦੇ ਸਬਬ ਈਸਾਈ ਵੀ ਅਤੇ ਹਿੰਦੂ ਵੀ ਆਪ ਦੇ ਵਿਰੁਧ ਹੋ ਗਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਜ਼ਲੀਲ ਕਰਨ ਦੇ ਬਹੁਤ ਜਤਨ ਕੀਤੇ ਗਏ । ਆਪ ਉਪੱਰ ਕਈ ਮੁਕਦੱਮੇ ਕੀਤੇ ਗਏ ਏਥੋਂ ਤੱਕ ਤੱਕ ਕਿ ਨਿਰੰਤਰ ਤਿੰਨ ਮਹੀਨਿਆਂ ਤੱਕ ਆਮ ਸਰਕਾਰੀ ਛੁੱਟੀਆਂ ਤੋਂ ਬਿਨਾਂ ਲਗਾਤਾਰ ਪ੍ਰਤੀ ਦਿਨ ਕਈ ਕਈ ਘੰਟੇ ਆਪ ਨੂੰ ਅਦਾਲਤ ਵਿੱਚ ਖੜ੍ਹਾ ਰਹਿਣਾ ਪੈਂਦਾ । ਇਕ ਦਿਨ ਮਜਿਸਟ੍ਰੇਟ ਨੇ ਆਪਣੀ ਦੁਸ਼ਮਣੀ ਦੇ ਸਬਬ ਆਪ ਨੂੰ ਪਾਣੀ ਤੱਕ ਪੀਣ ਦੀ ਆਗਿਆ ਨਹੀਂ ਦਿੱਤੀ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਅਸੀਂ ਅੱਜ ਇਹਨਾਂ ਗੱਲਾਂ ਨੂੰ ਭੁੱਲ ਗਏ ਹਾਂ ਪਰ ਉਸ ਸਮੇਂ ਦੇ ਸਵਾਭਿਮਾਨਾਂ ਲਈ ਇਹ ਇਕ ਬਹੁਤ ਵੱਡੀ ਮੁਸੀਬਤ ਸੀ । ਉਹ ਇਕ ਪਾਸੇ ਤਾਂ ਰੱਬ ਦਾ ਇਹ ਵਾਦਾ ਸੁਣਦੇ ਸਨ ਕਿ ਬਾਦਸ਼ਾਹ ਤੇਰੇ ਕਪੜਿਆਂ ਵਿੱਚੋਂ ਬਰਕਤ ਢੂੰਢਣਗੇ ਅਤੇ ਤੇਰੇ ਨ ਮਨ੍ਹਣ ਵਾਲੇ ਦੁਨੀਆ ਵਿੱਚ ਨਿੱਕੀਆਂ ਕੌਮਾਂ ਵਾਂਗ ਰਹਿ ਜਾਣਗੇ । ਪਰ ਦੂਜੇ ਪਾਸੇ ਦੇਖਦੇ ਸਨ ਕਿ ਇਕ ਮਮੂਲੀ ਜਿਆ ਚਾਰ ਪੰਜ ਸੌ ਤਨਖ਼ਵਾਹ ਲੈਣ ਵਾਲਾ ਹਿੰਦੂ ਮਜਿਸਟ੍ਰੇਟ ਆਪ ਨੂੰ ਖੜ੍ਹਾ ਰੱਖਦਾ ਹੈ ਅਤੇ ਪਾਣੀ ਤੱਕ ਪੀਣ ਦੀ ਆਗਿਆ ਨਹੀਂ ਦਿੰਦਾ । ਏਥੋਂ ਤੱਕ ਕਿ ਖੜੇ ਖੜੇ ਆਪ ਦਾ ਸਿਰ ਚਕਰਾ ਜਾਂਦਾ ਅਤੇ ਹੱਥ ਪੈਰ੍ਹ ਥੱਕ ਜਾਂਦੇ । ਕਮਜ਼ੋਰ ਈਮਾਨ ਵਾਲੇ ਹੈਰਾਨ ਹੁੰਦੇ ਹੋਣਗੇ ਕਿ ਕੀ ਇਹ ਉਹੋ ਮਨੁੱਖ ਹੈ ਜਿਸ ਬਾਰੇ ਰੱਬ ਦੇ ਐਨ੍ਹੇ ਵਾਦੇ ਹਨ । ਭਾਵ ਇਹ ਕਿ ਇਹ ਵੀ ਪ੍ਰੀਖਿਆ ਸੀ । ਹਜ਼ਰਤ ਮੁਸਲ੍ਹਿਹ ਮੌਊਦ ਫ਼ਰਮਾਉਂਦੇ ਹਨ ਕਿ ਮੈਨੂੰ ਉਹ ਦ੍ਰਿਸ਼ ਚੇਤੇ ਹੈ ਜਿਸ ਦਿਨ ਇਕ ਕੇਸ ਦਾ ਫ਼ੈਸਲਾ ਸੁਣਾਇਆ ਜਾਣਾ ਸੀ। ਸਾਡੀ ਜਮਾਤ ਵਿੱਚ ਇਕ ਸਜੱਣ ਸਨ ਜਿੰਨ੍ਹਾ ਨੂੰ ਪ੍ਰੋਫ਼ੈਸਰ ਕਿਹਾ ਜਾਂਦਾ ਸੀ । ਜੱਦ ਫ਼ੈਸਲਾ ਸੁਨਾਉਣ ਦਾ ਸਮਾਂ ਆਇਆ ਤਾਂ ਲੋਕਾਂ ਨੂੰ ਵਿਸ਼ਵਾਸ਼ ਸੀ ਕਿ ਮਜਿਸਟ੍ਰੇਟ ਅਵਸ਼ ਦੰਡ ਦੇਵੇਗਾ ਅਤੇ ਦੂਰ ਨਹੀਂ ਕਿ ਕੈਦ ਦੀ ਸਜ਼ਾ ਸੁਣਾਵੇ । ਏਧਰ ਸਵਾਭਿਮਾਨੀ ਅਹਮਦੀ ਜੋ ਸਨ ਉਹਨਾਂ ਦੇ ਮਨ ਵਿੱਚ ਇਕ ਪੱਲ ਲਈ ਵੀ ਇਹ ਵਿਚਾਰ ਨਹੀਂ ਆ ਸਕਦਾ ਸੀ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ । ਉਸ ਦਿਨ ਅਦਾਲਤ ਵੱਲੋਂ ਵੀ ਬਹੁਤੀ ਚੌਕਸ ਵਰਤੀ ਗਈ ਸੀ ਪਹਿਰਾ ਵੀ ਬਹੁਤਾ ਸੀ ਅਰਥਾਤ ਪੁਲਿਸ ਬਹੁਤ ਜ਼ਿਆਦਾ ਸੀ । ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਦਾਲਤ ਅੰਦਰ ਚਲੇ ਗਏ ਤਾਂ ਸਜੱਣਾ ਮਿਤਰਾਂ ਨੇ ਪ੍ਰੋਫ਼ੈਸਰ ਸਾਹਬ ਨੂੰ ਬਾਹਰ ਹੀ ਰੋਕ ਲਿਆ

ਕਿਉਂਕਿ ਉਹਨਾਂ ਦਾ ਸੁਭਾਵ ਤਿਖੱਾ ਸੀ । ਪ੍ਰੋਫ਼ੈਸਰ ਸਾਹਬ ਨੇ ਇਕ ਵੱਡਾ ਪਥੱਰ ਇਕ ਰੁੱਖ ਹੇਠ ਲੁਕੋ ਰੱਖਿਆ ਸੀ, ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਜਿਵੇਂ ਇਕ ਦੀਵਾਨਾ ਚੀਕਾਂ ਮਾਰਦਾ ਹੈ ਉਚੀ ਉੱਚੀ ਰੋਂਦਿਆਂ ਹੋਇਆ ਅਚਨਚੇਤ ਉਹ ਰੁੱਖ ਵੱਲ ਭੱਜੇ ਅਤੇ ਓਥੋਂ ਪਥੱਰ ਚੁੱਕ ਕੇ ਬੇਮੁਹਾਰੇ ਅਦਾਲਤ ਵੱਲ ਭੱਜੇ ਅਤੇ ਜੇਕਰ ਜਮਾਤ ਦੇ ਲੋਕ ਮਾਰਗ ਨ ਰੋਕਦੇ ਤਾਂ ਉਹ ਮਜਿਸਟ੍ਰੇਟ ਦਾ ਸਿਰ ਪਾੜ ਦਿੰਦੇ । ਉਹਨਾਂ ਨੇ ਵਿਚਾਰ ਕਰ ਲਿਆ ਕਿ ਮਜਿਸਟ੍ਰੇਟ ਅਵਸ਼ ਦੰਡ ਦੇਵੇਗਾ ਅਤੇ ਇਸੇ ਵਿਚਾਰ ਦੇ ਪ੍ਰਭਾਵ ਹੇਠ ਉਹ ਉਸ ਨੂੰ ਮਾਰਨ ਲਈ ਤਿਆਰ ਹੋ ਗਏ ।

ਸੋ, ਅਜਿਹੇ ਹਾਲਾਤਾਂ ਵਿੱਚ ਕੁਝ ਲੋਕਾਂ ਦੇ ਪ੍ਰਤੀਕ੍ਰਮ ਅਜਿਹੇ ਹੁੰਦੇ ਹਨ । ਕਮਜ਼ੋਰ ਈਮਾਨ ਵਾਲੇ ਮੁਰਤਦ (ਫਿਰ ਜਾਂਦੇ ਹਨ) ਹੋ ਜਾਂਦੇ ਹਨ । ਅਤੇ ਸਵਾਭਿਮਾਨਾ ਦੇ ਈਮਾਨ ਵਿੱਚ ਵਾਧਾ ਹੁੰਦਾ ਹੈ ਪਰ ਬਹੁਤ ਜ਼ਿਆਦਾ ਭਾਵਨਾਤਮਕ ਰੂਪ ਰਖੱਣ ਵਾਲੇ ਜਿਵੇਂ ਕਿ ਪ੍ਰੋਫ਼ੈਸਰ ਸਾਹਬ ਸਨ ਜਜ਼ਬਾਤੀ ਵੀ ਅਤੇ ਗੁਸੈਲ ਵੀ ਅਤੇ ਅਜਿਹੀ ਸੋਚ ਰਖੱਣ ਵਾਲੇ ਉਹ ਆਪ ਵੀ ਬਦਲਾ ਲੈਣ ਦੀ ਸੋਚ ਲੈਂਦੇ ਹਨ । ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜੋ ਸਿੱਖਿਆ ਅਤੇ ਸੀਖ ਹੈ ਜੋ ਸਾਡੇ ਲਈ ਨਮੂਨਾ ਹੈ ਉਹ ਇਕ ਸਿਲੇਬਸ ਹੈ ਉਸ ਨੂੰ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਸਬਰ ਅਤੇ ਹੌਂਸਲੇ ਨਾਲ ਅਸੀਂ ਸਦਾ ਕੰਮ ਲੈਣਾ ਹੈ । ਅਖੀਰ ਤਾਂ ਇੰਸ਼ਾਅਲੱਾਹ ਉਹੋ ਹੋਣਾ ਹੈ ਜਿਸ ਦੀ ਖ਼ਬਰ ਰੱਬ ਨੇ ਦਿੱਤੀ ਹੈ ਅਤੇ ਸਬਰ ਤੇ ਦੁਆ ਨਾਲ ਕੰਮ ਲੈਣ ਵਾਲੇ ਇੰਸ਼ਾਅਲੱਾਹ ਇਸ ਦੇ ਨਜ਼ਾਰੇ ਵੀ ਦੇਖਣ ਗੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਇਕ ਵਿਅਕਤੀ ਦਾ ਵਰਨਣ ਕਰਦੇ ਹੋਏ ਫ਼ਰਮਾਇਆ, ਜਿੰਨ੍ਹਾ ਦਾ ਸਿਹਰੀ ਦੇ ਸਮਿਆਂ ਬਾਰੇ ਆਪਣਾ ਇਕ ਵਿਚਾਰ ਸੀ ਪਰ ਰੱਬ ਨੇ ਵੀ ਓਹਨਾਂ ਦਾ ਮਰਗਦਰਸ਼ਨ ਕਿਵੇਂ ਕੀਤਾ, ਉਹ ਵੀ ਅਜੀਬ ਹੈ । ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਵਿੱਚ ਇਕ ਵਿਅਕਤੀ ਹੋਇਆ ਕਰਦੇ ਸਨ ਜਿਸ ਨੂੰ ਲੋਕ ਫ਼ਲਾਸਫ਼ਰ ਕਹਿੰਦੇ ਸਨ । ਹੁਣ ਉਹ ਫ਼ੌਤ ਹੋ ਚੁਕਾ ਹੈ, ਰੱਬ ਉਸ ਦੀ ਬਖ਼ਸ਼ਿਸ਼ ਕਰੇ । ਫ਼ਰਮਾਉਂਦੇ ਹਨ ਕਿ ਉਸ ਨੂੰ ਗੱਲ ਗੱਲ'ਤੇ ਚੁਟਕਲੇ ਸੁਝਦੇ ਸਨ ਜਿੰਨ੍ਹਾ ਵਿੱਚੋਂ ਕੁਝ ਬਹੁਤ ਚੰਗੇ ਹੁੰਦੇ ਸਨ । ਫ਼ਲਾਸਫ਼ਰ ਉਸ ਨੂੰ ਇਸ ਲਈ ਕਹਿੰਦੇ ਸਨ ਕਿ ਹਰ ਗੱਲ ਵਿੱਚ ਇਕ ਨਵਾਂ ਨੁਕਤਾ ਕੱਢ ਲਿਆ ਕਰਦਾ ਸੀ । ਇਕ ਵਾਰ ਰੋਜ਼ਿਆਂ ਦਾ ਚੱਕਰ ਚੱਲ ਪਿਆ । ਕਹਿਣ ਲੱਗਾ ਕਿ ਉਹਨਾਂ ਨੇ ਇਕ ਢੋਂਗ ਰਚਿਆ ਹੋਇਆ ਹੈ ਅਰਥਾਤ ਮੌਲਵੀਆਂ ਨੇ ਜਾਂ ਫ਼ਿਕਾ ਦੇ ਮਾਹਿਰਾਂ ਨੇ ਕਿ ਸਿਹਰੀ ਰਤਾ ਦੇਰ ਨਾਲ ਖਾਓ ਤਾਂ ਰੋਜ਼ਾ ਨਹੀਂ ਹੁੰਦਾ । ਭਲਾ ਜਿਸ ਨੇ ਬਾਰ੍ਹਾਂ ਘੰਟੇ ਫ਼ਾਕਾ ਕਟੱਣਾ ਹੋਵੇ ਉਸ ਨੇ ਪੰਜ ਮਿੰਟ ਬਾਦ ਸਿਹਰੀ ਖਾ ਲਈ ਤਾਂ ਤੀ ਹਰਜ ਹੋਇਆ । ਮੌਲਵੀ ਝੱਟ ਫ਼ਤਵਾ ਦੇ ਦਿੰਦੇ ਹਨ ਕਿ ਉਸ ਦਾ ਰੋਜ਼ਾ ਨਸ਼ਟ ਹੋ ਗਿਆ । ਭਾਵ ਉਸ ਨੇ ਇਸ'ਤੇ ਵਾਹਵਾ ਬਹਿਸ ਕੀਤੀ । ਸਵੇਰੇ ਉਹ ਘਬਰਾਇਆ ਹੋਇਆ ਹਜ਼ਰਤ ਖ਼ਲੀਫ਼ਾ ਅਵੱਲ ਕੋਲ ਆਇਆ । ਜੁੱਗ ਮਸੀਹ ਮੌਊਦ ਅਲੈਹਿ ਸਲਾਮ ਦਾ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਦੀ ਗੱਲ ਹੈ ਪਰ ਕਿਉਂਕਿ ਹਜ਼ਰਤ ਖ਼ਲੀਫ਼ਾ ਅਵੱਲ ਹੀ ਦਰਸ ਆਦਿ ਦਿਆ ਕਰਦੇ ਸਨ ਇਸ ਲਈ ਆਪ ਦੀ ਸੰਗਤ ਵਿੱਚ ਵਾਹਵਾ ਲੋਕ ਆ ਜਾਇਆ ਕਰਦੇ ਸਨ । ਆਉਂਦਿਆਂ ਹੀ ਕਹਿਣ ਲੱਗਾ ਕਿ ਅੱਜ ਰਾਤ ਮੈਨੂੰ ਬਹੁਤ ਡਾਂਟ ਪਈ । ਆਪ ਨੇ ਫ਼ਰਮਾਇਆ ਕੀ ਹੋਇਆ । ਕਹਿਣ ਲੱਗਾ ਕਿ ਰਾਤ ਨੂੰ ਮੈਂ ਬਹਿਸ ਕਰਦਾ ਰਿਹਾ ਕਿ ਮੌਲਵੀਆਂ ਨੇ ਢੋਂਗ ਰਚਿਆ ਹੋਇਆ ਹੈ ਕਿ ਰੋਜ਼ਾ ਰੱਖਣ ਵਾਲਾ ਸਿਹਰੀ ਦੇਰ ਨਾਲ ਖਾਏ ਤਾਂ ਉਸ ਦਾ ਰੋਜ਼ਾ ਨਹੀਂ ਹੁੰਦਾ । ਮੈਂ ਕਹਿੰਦਾ ਸੀ ਕਿ ਜਿਸ ਮਨੁੱਖ ਨੇ ਬਾਰ੍ਹਾਂ ਘੰਟੇ ਜਾਂ ਚੌਦਾਂ ਘੰਟੇ ਫ਼ਾਕਾ ਕੀਤਾ ਹੋਵੇ ਉਹ ਜੇਕਰ ਪੰਜ ਮਿੰਟ ਦੇਰੀ ਨਾਲ ਸਿਹਰੀ ਖਾਂਦਾ ਹੈ ਤਾਂ ਕੀ ਹਰਜ ਹੈ । ਇਸ ਬਹਿਸ ਦੇ ਬਾਦ ਮੈਂ ਸੌਂ ਗਿਆ ਤਾਂ ਮੈਂ ਸੁਪਨੇ ਵਿੱਚ ਕਿ ਤਾਣੀ ਲਾਈ ਹੋਈ ਹੈ ਅਤੇ ਤਾਣੀ ਨੂੰ ਪਹਿਲਾਂ ਇਕ ਕਿੱਲੇ ਨਾਲ ਬੰਨ੍ਹਿਆ ਅਤੇ ਫਿਰ ਉਸ ਨੂੰ ਦੂਜੇ ਕਿੱਲੇ ਨਾਲ ਬਨ੍ਹਣ ਲਈ

ਚਲਿਆ, ਜੱਦ ਕਿੱਲੇ ਦੇ ਨੇੜੇ ਪਹੁੰਚਿਆ ਤਾਂ ਦੋ ਉਂਗਲ ਉਰੇ ਤਾਣੀ ਮੁੱਕ ਗਈ । ਮੈਂ ਵਾਰ ਵਾਰ ਖਿਚਦਾ ਕਿ ਕਿਸੇ ਪ੍ਰਕਾਰ ਉਸ ਨੂੰ ਕਿੱਲੇ ਨਾਲ ਬੰਨ੍ਹ ਦਿਆਂ, ਪਰ ਸਫ਼ਲ ਨ ਹੋ ਸਕਿਆ ਅਤੇ ਮੈਂ ਸਮਝਿਆ ਕਿ ਮੇਰਾ ਸਾਰਾ ਸੂਤ ਮਿੱਟੀ ਵਿੱਚ ਡਿੱਗ ਕੇ ਤਬਾਹ ਹੋ ਗਿਆ, ਸੋ ਮੈਂ ਰੌਲਾ ਪਾਉਂਣਾ ਅਰੰਭ ਕਰ ਦਿੱਤਾ ਕਿ ਮੇਰੀ ਮਦਦ ਲਈ ਆਓ । ਦੋ ਉਂਗਲਾਂ ਖਾਤਰ ਮੇਰੀ ਤਾਣੀ ਚੱਲੀ, ਉਹ ਧਾਗਾ ਜੋ ਸੀ ਖਰਾਬ ਹੋ ਰਿਹਾ ਹੈ ਅਤੇ ਇਹੋ ਰੌਲ੍ਹਾ ਪਾਉਂਦਿਆਂ ਪਾਉਂਦਿਆਂ ਮੇਰੀ ਅੱਖ ਖੁੱਲ ਗਈ । ਜੱਦ ਮੈਂ ਜਾਗਿਆ ਤਾਂ ਮੈਂ ਸਮਝਿਆ ਕਿ ਇਸ ਸੁਪਨੇ ਰਾਹੀਂ ਰੱਬ ਨੇ ਮੈਂਨੂੰ ਮਸਲਾ ਸਮਝਾਇਆ ਹੈ ਕਿ ਦੋ ਉਂਗਲਾਂ ਜਿੰਨ੍ਹੀ ਵਿੱਥ ਰਹਿ ਜਾਣ ਨਾਲ ਜੇਕਰ ਤਾਣੀ ਖ਼ਰਾਬ ਹੋ ਜਾਂਦੀ ਹੈ ਤਾਂ ਰੋਜ਼ੇ ਵਿੱਚ ਪੰਜ ਮਿੰਟ ਦੀ ਦੇਰੀ ਹੁੰਦਿਆਂ ਹੋਇਆਂ ਕਿਵੇਂ ਕਾਇਮ ਰਹਿ ਸਕਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਧਿਕਤਰ ਕਿਸੇ ਸੂਫ਼ੀ ਦਾ ਕਥਨ ਪੰਜਾਬੀ ਵਿੱਚ ਵਰਨਣ ਕਰਿਆ ਕਰਦੇ ਸਨ ਕਿ ਜਾਂ ਤੂੰ ਕਿਸੇ ਦੇ ਪੱਲੇ ਨਾਲ ਚੰਬੜ ਜਾ ਜਾਂ ਕੋਈ ਪੱਲਾ ਤੈਨੂੰ ਕੱਜ ਲਏ । ਅਰਥਾਤ ਇਸ ਦੁਨੀਆ ਦਾ ਜੀਵਨ ਅਜਿਹੇ ਹੀ ਢੰਗ ਦਾ ਹੈ ਕਿ ਇਸ ਵਿੱਚ ਸਿਵਾਏ ਇਸ ਦੇ ਹੋਰ ਕੋਈ ਮਾਰਗ ਨਹੀਂ ਕਿ ਜਾਂ ਤਾਂ ਤੁਸੀ ਕਿਸੇ ਦੇ ਬਣ ਜਾਓ ਜਾਂ ਕੋਈ ਤੁਹਾਡਾ ਬਣ ਜਾਵੇ । ਅਲੱਾਹ ਤਆਲਾ ਇਸੇ ਵਿਸ਼ੇ ਵੱਲ ਸੰਕੇਤ ਕਰਦਿਆਂ ਹੋਇਆਂ ਫ਼ਰਮਾਉਂਦਾ ਹੈ ਕਿ (خَلَقَ الۡاِنۡسَانَ مِنۡ عَلَقٍ) "ਖ਼ਲਾਕਲ ਇੰਸਾਨਾ ਮਿਨ ਅਲਕ" ਕਿ ਮਨੁੱਖ ਦੇ ਸੁਭਾਵ ਵਿੱਚ ਅਸੀਂ ਇਹ ਪ੍ਰਵ੍ਰਿਤੀ ਰੱਖੀ ਹੈ ਕਿ ਉਹ ਕਿਸੇ ਨ ਕਿਸੇ ਦਾ ਹੋਕੇ ਰਹਿਣਾ ਚਾਹੁੰਦਾ ਹੈ । ਇਸ ਦੇ ਬਿਨਾ ਉਸ ਦੀ ਤਸੱਲੀ ਨਹੀਂ ਹੁੰਦੀ ਅਤੇ ਸਭ ਤੋਂ ਚੰਗਾ ਢੰਗ ਕਿਸੇ ਦਾ ਹੋਣ ਦਾ ਇਹ ਹੈ ਕਿ ਜਿਸ ਤੋਂ ਧਰਮ ਤੇ ਸੰਸਾਰ ਦੋਵੇਂ ਮਿਲਦੇ ਹਨ ਕਿ ਮਨੁੱਖ ਰੱਬ ਦਾ ਹੋ ਜਾਵੇ ਅਤੇ ਉਸ ਲਈ ਜਤਨ ਕਰਦਾ ਰਹੇ । ਫ਼ਿਰ ਮੁਸਲਿਹ ਮੌਊਦ ਪ੍ਰੇਮ ਦੇ ਮਿਆਰ ਅਤੇ ਰੱਬ ਨਾਲ ਸੰਬੰਧ ਦਾ ਵਰਨਣ ਕਰਦਿਆਂ ਹੋਇਆਂ ਇਕ ਉਧਾਰਣ ਦਿੰਦੇ ਹਨ ਕਿ ਭਾਂਵੇਂ ਇਹ ਉਧਾਰਣ ਇਕ ਪਾਗਲ ਦੀ ਹੈ ਫਿਰ ਅਜਿਹੇ ਪਗਲ ਦੀ ਜੋ ਫ਼ੌਤ ਹੋ ਚੁਕਿਆ ਹੈ, ਭਾਵੇਂ ਉਹ ਇਕ ਅਜਿਹੇ ਪਾਗਲ ਦੀ ਉਧਾਰਣ ਹੈ ਜੋ ਮੇਰਾ ਵੀ ਅਧਿਆਪਕ ਸੀ ਪਰ ਬਹਿਰਹਾਲ ਉਸ ਤੋਂ ਪ੍ਰੇਮ ਦੀ ਹਾਲਤ ਬਹੁਤ ਸਪਸ਼ਟ ਹੋ ਜਾਂਦੀ ਹੈ । ਇਕ ਮੇਰੇ ਅਧਿਆਪਕ ਸਨ ਜੋ ਸਕੂਲ ਵਿੱਚ ਪੜ੍ਹਾਇਆ ਕਰਦੇ ਸਨ ਬਾਦ ਵਿੱਚ ਉਹ ਨਬੁਵੱਤ ਦੇ ਦਾਵੇਦਾਰ ਵੀ ਬਣ ਗਏ, ਉਹਨਾਂ ਦਾ ਨਾਂ ਮੌਲਵੀ ਯਾਰ ਮੁਹੰਮਦ ਸਾਹਬ ਸੀ, ਉਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਅਜਿਹਾ ਪ੍ਰੇਮ ਸੀ ਕਿ ਇਸੇ ਦੇ ਸਿੱਟੇ ਵਿੱਚ ਹੀ ਉਹਨਾਂ'ਤੇ ਜੁਨੂਨ ਦਾ ਰੂਪ ਗ਼ਾਲਬ ਹੋ ਗਿਆ । ਸੰਭਵ ਹੈ ਕਿ ਪਹਿਲਾਂ ਵੀ ਉਹਨਾਂ ਦੇ ਦਿਮਾਗ਼ ਵਿੱਚ ਕੋਈ ਨੁਕਸ ਹੋਵੇ ਪਰ ਅਸੀਂ ਇਹੋ ਦੇਖਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਪ੍ਰੇਮ ਵੱਧਦਿਆਂ ਵੱਧਦਿਆਂ ਉਹਨਾਂ ਨੂੰ ਜੁਨੂਨ ਹੋ ਗਿਆ ਅਤੇ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਦੀ ਹਰ ਭਵਿੱਖਬਾਣੀ ਨੂੰ ਆਪਣੇ ਵੱਲ ਮੜ੍ਹਨ ਲੱਗੇ । ਫਿਰ ਉਹਨਾਂ ਦਾ ਇਹ ਜੁਨੂਨ ਇੱਥੋਂ ਤੱਕ ਵੱਧ ਗਿਆ ਕਿ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨੇੜੇ ਹੋਣ ਦੀ ਇਛੱਾ ਵਿੱਚ ਕਈ ਵਾਰ ਅਜਿਹੀ ਹਰਕਤ ਵੀ ਕਰ ਬਹਿੰਦੇ ਕਿ ਅਣਉਚਿਤ ਤੇ ਠੀਕ ਨ ਹੁੰਦੀਆਂ । ਉਧਾਰਣ ਲਈ ਨਮਾਜ਼ ਵਿੱਚ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਰੀਰ ਉਪੱਰ ਹੱਥ ਫ਼ੇਰਨ ਦਾ ਜਤਨ ਕਰਦੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾਂ ਦੀ ਇਹ ਹਾਲਤ ਦੇਖ ਕੇ ਕਈ ਮਨੁੱਖ ਨਿਯੁਕਤ ਕੀਤੇ ਹੋਏ ਸਨ ਕਿ ਜਿੰਨ੍ਹਾ ਦਿਨਾਂ ਵਿੱਚ ਦੌਰਾ ਹੋਵੇ ਉਹ ਖ਼ਿਆਲ ਰੱਖਣ ਕਿ ਕਿਤੇ ਉਹ ਆਪ ਦੇ ਪਿੱਛੇ ਆਕੇ ਨ ਬਹਿ ਜਾਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਆਦਤ ਸੀ ਕਿ ਜੱਦ ਆਪ ਗੱਲ ਕਰਦੇ ਜਾਂ ਭਾਸ਼ਣ ਦਿੰਦੇ ਤਾਂ ਉਹ ਆਪਣੇ ਹੱਥ ਨੂੰ ਪਟਾਂ ਵੱਲ ਇਉਂ ਲਿਆਉਂਦੇ ਜਿਵੇਂ ਕੋਈ ਹੌਲ੍ਹੀ ਜਿਹੀ ਹੱਥ ਮਾਰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੱਦ ਇਸ

ਪ੍ਰਕਾਰ ਹੱਥ ਹਿਲਾਉਂਦੇ ਤਾਂ ਮੌਲਵੀ ਯਾਰ ਮੁਹਮੱਦ ਸਾਹਬ ਪ੍ਰੇਮ ਦੇ ਜੋਸ਼ ਵਿੱਚ ਝੱਟ ਛਾਲ ਮਾਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨੇੜੇ ਆ ਜਾਂਦੇ ਅਤੇ ਜੱਦ ਕਿਸੇ ਨੇ ਪੁੱਛਣਾ ਕਿ ਮੌਲਵੀ ਸਾਹਬ ਇਹ ਆਪ ਨੇ ਕੀ ਕੀਤਾ ਤਾਂ ਉਹ ਕਹਿੰਦੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਮੈਨੂੰ ਸੰਕੇਤ ਨਾਲ ਬੁਲਾਇਆ ਸੀ । ਹਜ਼ਰਤ ਮੁਸਲਿਹ ਮੌਊਦ ਅਲੈਹਿ ਸਲਾਮ ਨੇ ਇਹ ਉਧਾਰਣ ਦੇਕੇ ਫ਼ਰਮਾਇਆ ਕਿ ਇਹ ਦੀਵਾਨਗੀ ਅਤੇ ਪ੍ਰੇਮ ਦੀ ਹਾਲਤ ਹੈ ਕਿ ਜੱਦ ਨਹੀਂ ਵੀ ਧਿਆਨ ਦਿੱਤਾ ਜਾ ਰਿਹਾ ਤੱਦ ਵੀ ਮਹਿਬੂਬ ਦੇ ਗ਼ੈਰ ਇਰਾਦੇ ਦੇ ਰੂਪ ਵਿੱਚ ਹਿਲੱਣ ਵਾਲੇ ਹੱਥ ਨੂੰ ਆਪਣੇ ਨੇੜੇ ਆਉਣ ਦਾ ਸੰਕੇਤ ਸਕਝਦੇ ਹਨ । ਪਰ ਅਸੀਂ ਰੱਬ ਤੋਂ ਪ੍ਰੇਮ ਦਾ ਦਾਵਾ ਕਰਦੇ ਹਾਂ, ਪਰ ਉਸ ਵੱਲੋਂ ਪ੍ਰਤਖ ਐਲਾਨ ਦੇ ਹੁੰਦਿਆਂ ਹੋਇਆਂ ਵੀ ਨਮਾਜ਼ ਵੱਲ ਆਓ ਅਤੇ ਸਫ਼ਲਤਾ ਵੱਲ ਆਓ, ਨ ਨਮਾਜ਼ਾਂ ਵੱਲ ਦੌੜ ਕੇ ਜਾਂਦੇ ਹਾਂ ਨ ਜੁਮਿਆਂ'ਤੇ ਪ੍ਰਬੰਧ ਤੇ ਬਕਾਇਦਗੀ ਨਾਲ ਜਾਂਦੇ ਹਾਂ ।

ਸੋ, ਇਸ ਵੱਲ ਹਰ ਅਹਮਦੀ ਨੂੰ ਤਵਜੁੱਹ ਦੇਣੀ ਚਾਹੀਦੀ ਹੈ ਅਤੇ ਰੱਬ ਦੇ ਸਪਸ਼ਟ ਬੁਲਾਵੇ ਉਪੱਰ ਲਬੈਕ (ਹਾਜ਼ਰ ਹਾਂ) ਕਹਿੰਦਿਆਂ ਹੋਇਆਂ ਉਸ ਦੀਵਾਨੇ ਜਾਂ ਪ੍ਰੇਮੀ ਵਾਂਗ ਛਾਲ ਮਾਰਕੇ ਅੱਗੇ ਆ ਜਾਣਾ ਚਾਹੀਦਾ ਹੈ ਅਤੇ ਮਸਜਿਦਾਂ ਨੂੰ ਅਬਾਦ ਕਰਨ ਦਾ ਜਤਨ ਕਰਨਾ ਚਾਹੀਦਾ ਹੈ ।

**Khulasa Khutba 07.08.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131